5

# ''ਉੱਠ, ਅਤੇ ਬਪਤਿਸਮਾ ਲੈ'' (2)

ਕਈ ਸਾਲ ਪਹਿਲਾਂ, ਤਿੰਨ ਲੱਤਾਂ ਵਾਲੇ ਸਟੂਲ ਆਮ ਹੁੰਦੇ ਸਨ। ਤਿੰਨ ਲੱਤਾਂ ਵਾਲੇ ਇਕ ਸਟੂਲ ਨੂੰ ਦਿਮਾਗ਼ 'ਚ ਲਿਆਓ। ਫਿਰ ਕਲਪਨਾ ਕਰੋ ਕਿ ਜੇ ਉਹਦੀ ਇਕ ਲੱਤ ਨਿਕਲ ਜਾਵੇ ਤਾਂ ਕੀ ਹੋਵੇਗਾ? (ਆਪਣੇ ਮਨ ਵਿਚ, ਮੈਂ ਇਕ ਆਦਮੀ ਨੂੰ ਦੁੱਧ ਚੋਂਦੇ ਵੇਖਦਾ ਹਾਂ ਜੋ ਦੁੱਧ ਵਾਲੀ ਬਾਲਟੀ ਦੇ ਉੱਛਲਣ ਨਾਲ ਟੁੱਟੇ ਹੋਏ ਸਟੂਲ ਨੂੰ ਸੰਭਾਲਣ ਦੀ ਕੋਸ਼ਿਸ਼ ਕਰਦਿਆਂ ਜ਼ਮੀਨ ਤੇ ਡਿੱਗ ਜਾਂਦਾ ਹੈ!) ਜ਼ਾਹਰ ਹੈ ਕਿ ਤਿੰਨ ਲੱਤਾਂ ਵਾਲਾ ਸਟੂਲ ਦੋ ਲੱਤਾਂ ਤੇ ਨਹੀਂ ਖਲੋ ਸਕਦਾ।

ਵਚਨ ਮੁਤਾਬਕ ਬਪਤਿਸਮੇ ਵਿਚ ਤਿੰਨ ਚੀਜ਼ਾਂ ਹੁੰਦੀਆਂ ਹਨ: ਇਹ ਸਹੀ ਢੰਗ ਨਾਲ ਹੋਣਾ ਚਾਹੀਦਾ ਹੈ (ਬਪਤਿਸਮੇ ਦਾ ''ਕਿਵੇਂ''); ਇਹ ਸਹੀ ਕਾਰਣ ਲਈ ਹੋਣਾ ਚਾਹੀਦਾ ਹੈ (''ਕਿਉਂ''); ਅਤੇ ਇਹ ਸਹੀ ਵਿਅਕਤੀ ਦਾ ਹੋਣਾ ਚਾਹੀਦਾ ਹੈ (''ਕਿਸ ਨੂੰ'')। ਇਨ੍ਹਾਂ ਵਿੱਚੋਂ ਹਰ ਗੱਲ ਤਿੰਨ ਲੱਤਾਂ ਵਾਲੇ ਸਟੂਲ ਦੀ ਇਕ ਲੱਤ ਵਾਂਗ ਹੈ, ਯਾਨੀ ਹਰ ਗੱਲ ਜ਼ਰੂਰੀ ਹੈ।

ਪਿਛਲੇ ਪਾਠ ਵਿਚ ਅਸੀਂ ਬਪਤਿਸਮੇ ਦੇ ''ਕਿਉਂ'' ਤੇ ਚਰਚਾ ਸ਼ੁਰੂ ਕੀਤੀ ਸੀ। ਇਸ ਪਾਠ ਵਿਚ, ਅਸੀਂ ਉਸ ਚਰਚਾ ਨੂੰ ਖਤਮ ਕਰਦੇ ਹੋਏ ਬਪਤਿਸਮਾ ''ਕਿਵੇਂ?'' ਅਤੇ ''ਕਿਹਨੂੰ?'' ਦੇ ਸਵਾਲਾਂ ਤੇ ਵੀ ਵਿਚਾਰ ਕਰਾਂਗੇ।

## ਬਪਤਿਸਮਾ: ''ਕਿਉਂ?''

ਜੇ ਪਿਛਲੇ ਪਾਠ ਦਾ ਅਧਿਐਨ ਕੀਤਿਆਂ ਤੁਹਾਨੂੰ ਕਾਫ਼ੀ ਵਕਤ ਹੋ ਗਿਆ ਹੈ ਅਤੇ ਮੂਲ ਪਾਠ ਯਾਦ ਨਹੀਂ ਹੈ, ਤਾਂ ਤੁਹਾਨੂੰ ਚਾਹੀਦਾ ਹੈ ਕਿ ਉਨ੍ਹਾਂ ਗੱਲਾਂ ਤੇ ਫੇਰ ਵਿਚਾਰ ਕਰੋ ਜਿਹੜੀਆਂ ਮਰਕੁਸ 16 ਅਤੇ ਰਸੂਲਾਂ ਦੇ ਕੰਮ 2 ਵਿਚ ਬਪਤਿਸਮੇ ਦੇ ਮਕਸਦ ਬਾਰੇ ਕਹੀਆਂ ਗਈਆਂ ਹਨ।

ਹੋਰ ਆਇਤਾਂ ਵਿਚ ਵੀ ''ਬਪਤਿਸਮਾ ਲੈਣਾ ਕਿਉਂ ਜ਼ਰੂਰੀ ਹੈ?'' ਸਵਾਲ ਦਾ ਜਵਾਬ ਮਿਲਦਾ ਹੈ। ਮੈਂ ਹੇਠਾਂ ਕੁਝ ਆਇਤਾਂ ਦੇ ਰਿਹਾ ਹਾਂ। ਹਰੇਕ ਦੇ ਸੰਦਰਭ ਨੂੰ ਧਿਆਨ ਵਿਚ ਰੱਖਦਿਆਂ ਆਪਣੀ ਬਾਈਬਲ ਵਿੱਚੋਂ ਇਨ੍ਹਾਂ ਨੂੰ ਜ਼ਰੂਰ ਪੜ੍ਹੋ:

*ਰਸੂਲਾਂ ਦੇ ਕੰਮ 22:16:* ਪ੍ਰਚਾਰਕ ਨੇ ਸੌਲੁਸ ਨੂੰ ਕਿਹਾ, ''ਹੁਣ ਤੂੰ ਢਿੱਲ ਕਿਉਂ ਕਰਦਾ ਹੈਂ? ਉੱਠ ਅਤੇ ਉਹਦਾ ਨਾਮ ਲੈਂਦਾ ਹੋਇਆ ਬਪਤਿਸਮਾ ਲੈ ਅਤੇ ਆਪਣੇ ਪਾਪ ਧੋ ਸੁੱਟ।'' ਪਾਪ ਪਾਣੀ ਵਿਚ ਨਹੀਂ ਧੋਤੇ ਜਾਂਦੇ ਹਨ ਕਿਉਂਕਿ ਬਪਤਿਸਮੇ ਦੀ ਜਗ੍ਹਾ ਵਾਲਾ ਪਾਣੀ ਕਿਸੇ ਵੀ ਤਰ੍ਹਾਂ ਜਾਦੂਵਾਲਾ ਜਾਂ ਪਵਿੱਤਰ ਨਹੀਂ ਹੋ ਜਾਂਦਾ। ਯਿਸੂ ਦਾ ਲਹੂ ਸਾਡੇ ਪਾਪਾਂ ਨੂੰ ਧੋਂਦਾ ਹੈ (ਮੱਤੀ

26:28; ਪ੍ਰਕਾਸ਼ ਦੀ ਪੋਥੀ 1:5)। ਰਸੂਲਾਂ ਦੇ ਕੰਮ 22 ਵਿਚ ਦੱਸਿਆ ਗਿਆ ਹੈ ਕਿ ਯਿਸੂ ਦਾ ਲਹੂ ਬਪਤਿਸਮੇ ਵੇਲੇ ਸਾਡੇ ਪਾਪਾਂ ਨੂੰ ਧੋਂਦਾ ਹੈ।

*ਗਲਾਤੀਆਂ 3:26, 27:* ਪੌਲੁਸ ਨੇ ਗਲਾਤੀਆ ਦੇ ਮਸੀਹੀ ਲੋਕਾਂ ਨੂੰ ਦੱਸਿਆ, ''ਕਿਉਂ ਜੋ ਮਸੀਹ ਯਿਸੂ ਉੱਤੇ ਨਿਹਚਾ ਕਰਨ ਕਰਕੇ ਤੁਸੀਂ ਸੱਭੇ ਪ੍ਰਮੇਸ਼ਵਰ ਦੇ ਪੁੱਤਰ ਹੋ'' (ਆਇਤ 26)। ਉਹ ''ਵਿਸ਼ਵਾਸ ਦੇ ਰਾਹੀਂ ਪ੍ਰਮੇਸ਼ਵਰ ਦੀ ਸੰਤਾਨ'' ਕਦੋਂ ਬਣੇ ਸਨ? ਪੌਲੁਸ ਅੱਗੇ ਦੱਸਦਾ ਹੈ, ''ਤੁਸਾਂ ਜਿੰਨਿਆਂ ਨੇ ਮਸੀਹ ਵਿੱਚ[1] ਬਪਤਿਸਮਾ ਲਿਆ ਮਸੀਹ ਨੂੰ ਪਹਿਨ ਲਿਆ'' (ਆਇਤ 27)। ਜੇ ਤੁਸੀਂ *ਪ੍ਰਮੇਸ਼ਵਰ ਦੀ ਸੰਤਾਨ* ਬਣਨਾ ਚਾਹੁੰਦੇ ਹੋ ਤਾਂ ਵਿਸ਼ਵਾਸ ਕਰਕੇ ਬਪਤਿਸਮਾ ਲੈਣਾ ਜ਼ਰੂਰੀ ਹੈ। ਜੇ ਤੁਸੀਂ ਮਸੀਹ ਦੀ ਦੇਹ ਦਾ ਅੰਗ ਬਣਨਾ ਚਾਹੁੰਦੇ ਹੋ ਤਾਂ ਤੁਹਾਡੇ ਲਈ ਮਸੀਹ *ਵਿਚ* ਬਪਤਿਸਮਾ ਲੈਣਾ ਜ਼ਰੂਰੀ ਹੈ। ਜੇ ਤੁਸੀਂ ਮਸੀਹ ਨੂੰ *ਪਹਿਨਣਾ* ਚਾਹੁੰਦੇ ਹੋ ਤਾਂ ਬਪਤਿਸਮਾ ਲੈਣਾ ਜ਼ਰੂਰੀ ਹੈ।

*1 ਪਤਰਸ 3:21:* ਪਤਰਸ ਨੇ ਇਹ ਸਮਝਾਉਣ ਦੇ ਬਾਅਦ ਕਿ ਨੂਹ ਅਤੇ ਸੱਤ ਹੋਰ ਜਣੇ ਬੇੜੇ ਵਿਚ ਕਿਵੇਂ ਬਚਾਏ ਗਏ ਸਨ, ਲਿਖਿਆ ਹੈ, ''ਇਹ ਬਪਤਿਸਮੇ ਦਾ ਨਮੂਨਾ ਹੈ ਜੋ ਹੁਣ ਤੁਹਾਨੂੰ ਵੀ ਯਿਸੂ ਮਸੀਹ ਦੇ ਜੀ ਉੱਠਣ ਦੇ ਕਾਰਣ ਬਚਾਉਂਦਾ ਹੈ। ਇਹ ਸਰੀਰ ਦੀ ਮੈਲ ਲਾਹੁਣੀ ਨਹੀਂ ਪਰ ਸ਼ੁੱਧ ਅੰਤਹਕਰਣ ਨਾਲ ਪ੍ਰਮੇਸ਼ਵਰ ਨੂੰ ਭਾਲਣਾ ਹੈ।'' ਬਪਤਿਸਮੇ ਦਾ ਮਕਸਦ ਨਹਾਉਣਾ ਅਤੇ ਸਰੀਰ ਦੀ ਮੈਲ ਲਾਹੁਣਾ ਨਹੀਂ ਹੈ।[2] ਸਗੋਂ ਸ਼ੁੱਧ ਮਨ ਨਾਲ ਪ੍ਰਮੇਸ਼ਵਰ ਦੀ ਗੱਲ ਮੰਨਣਾ ਹੈ: ਪ੍ਰਮੇਸ਼ਵਰ ਕਹਿੰਦਾ ਹੈ, ''ਉੱਠ ਬਪਤਿਸਮਾ ਲੈ'' ਅਤੇ ਮੇਰਾ ਮਨ ਕਹਿੰਦਾ ਹੈ, ''ਅੱਛਾ, ਠੀਕ ਹੈ!'' ਜਿਵੇਂ ਪਿਛਲੇ ਪਾਠ ਵਿਚ ਅਸੀਂ ਧਿਆਨ ਦਿੱਤਾ ਸੀ ਕਿ ਬਪਤਿਸਮਾ ਯਿਸੂ ਦੀ ਮੌਤ, ਦਫ਼ਨਾਏ ਜਾਣ ਅਤੇ ਜੀ ਉੱਠਣ ਵਿਚ ਮੇਰੇ ਵਿਸ਼ਵਾਸ ਦਾ ਪ੍ਰਗਟਾਵਾ ਹੈ।

''ਬਪਤਿਸਮਾ ਹੁਣ ਤੁਹਾਨੂੰ ਬਚਾਉਂਦਾ ਹੈ'' ਬਹੁਤ ਹੀ ਜ਼ਬਰਦਸਤ ਵਾਕ ਹੈ। ਹੁਣ ਤਕ ਤੁਸੀਂ ਸਮਝ ਗਏ ਹੋਵੋਗੇ ਕਿ ਇਹਦਾ ਮਤਲਬ ਇਹ ਨਹੀਂ ਹੈ ਕਿ ਸਿਰਫ਼ ਬਪਤਿਸਮਾ ਲੈਣ ਦੀ ਕ੍ਰਿਆ ਦਾ ਕੋਈ ਲਾਭ ਹੈ। ਅਸੀਂ ਆਪਣੇ ਆਪ ਆਪਣਾ ਬਚਾਅ ਨਹੀਂ ਕਰ ਸਕਦੇ। ਅਸੀਂ ਸਿਰਫ਼ ਪ੍ਰਮੇਸ਼ਵਰ ਦੀ ਕਿਰਪਾ ਨਾਲ ਹੀ ਬਚਾਏ ਜਾ ਸਕਦੇ ਹਾਂ। ਪਰ ਇਸ ਆਇਤ ਵਿਚ ਐਲਾਨ ਹੈ ਕਿ ਨੂਹ ਦੇ ਬੇੜੇ ਵਿਚ ਲੋਕ ਤਦ ਹੀ ਬਚਾਏ ਗਏ ਸਨ ਜਦ ਉਨ੍ਹਾਂ ਨੇ ਉਹੀ ਕੀਤਾ ਸੀ ਜੋ ਪ੍ਰਮੇਸ਼ਵਰ ਨੇ ਉਨ੍ਹਾਂ ਨੂੰ ਕਰਨ ਲਈ ਕਿਹਾ ਸੀ। ਸੋ ਅੱਜ ਲੋਕ ਆਪਣੇ ਪਾਪਾਂ ਤੋਂ ਤਦ ਹੀ ਬਚਾਏ ਜਾਂਦੇ ਹਨ ਜਦ ਉਹ ਉਹੀ ਕਰਦੇ ਹਨ ਜਿਸ ਦਾ ਪ੍ਰਮੇਸ਼ਵਰ ਹੁਕਮ ਦਿੰਦਾ ਹੈ, ਯਾਨੀ ਉਹ ਬਪਤਿਸਮਾ ਲੈਂਦੇ ਹਨ। ''ਬਪਤਿਸਮਾ ਬਚਾਉਂਦਾ ਹੈ'' ਇਸ ਅਰਥ ਵਿਚ ਕਿ ਪ੍ਰਮੇਸ਼ਵਰ ਨੇ ਸਾਡੀ ਮੁਕਤੀ ਲਈ ਆਪਣੀ ਯੋਜਨਾ ਵਿਚ ਬਪਤਿਸਮੇ ਨੂੰ ਥਾਂ ਦਿੱਤਾ ਹੈ।

ਸਾਡੀ ਸੂਚੀ ਵਿਚ ਕਈ ਹੋਰ ਆਇਤਾਂ ਵੀ ਜੋੜੀਆਂ ਜਾ ਸਕਦੀਆਂ ਸਨ, ਜਿਨ੍ਹਾਂ 'ਚ ਬਪਤਿਸਮਾ ਸ਼ਬਦ ਦੀ ਵਰਤੋਂ ਕੀਤੇ ਬਿਨਾਂ ਇਹਦਾ ਅਰਥ ਮਿਲਦਾ ਹੈ (ਜਿਵੇਂ ਯੂਹੰਨਾ 3:3, 5; ਤੀਤੁਸ 3:5)। ਪਰ ਮੈਨੂੰ ਉਮੀਦ ਹੈ ਕਿ ਇਹ ਆਇਤਾਂ ਤੁਹਾਡੇ ਮਨ ਵਿਚਲੇ ''ਕਿਉਂ?'' ਦਾ ਜਵਾਬ ਦੇਣ ਲਈ ਕਾਫ਼ੀ ਹਨ।

## ਬਪਤਿਸਮਾ: ''ਕਿਵੇਂ?''

ਆਓ ਹੁਣ ''ਬਪਤਿਸਮਾ ਕਿਹਨੂੰ ਦੇਣਾ ਚਾਹੀਦਾ ਹੈ?'' ਦੇ ਸਵਾਲ ਵੱਲ ਆਉਂਦੇ ਹਾਂ।

ਪਿਛਲੇ ਪਾਠ ਵਿਚ ਅਸੀਂ ਵੇਖਿਆ ਸੀ ਕਿ ਯੂਨਾਨੀ ਸ਼ਬਦ ਕੋਸ਼ਾਂ ਵਿਚ ''ਬਪਤਿਸਮਾ'' ਦਾ ਅਰਥ ''ਡੁਬਕੀ'' ਹੈ। ਪਰ ਮੈਂ ਇਹ ਪ੍ਰਭਾਵ ਨਹੀਂ ਛੱਡਣਾ ਚਾਹੁੰਦਾ ਕਿ ਬਪਤਿਸਮੇ ਦੀ ਕ੍ਰਿਆ ਨੂੰ ਸਮਝਣ ਲਈ ਯੂਨਾਨੀ ਭਾਸ਼ਾ ਨੂੰ ਜਾਣਨਾ ਜਾਂ ਯੂਨਾਨੀ ਸ਼ਬਦ ਕੋਸ਼ ਦਾ ਹੋਣਾ ਜ਼ਰੂਰੀ ਹੈ। ਬਪਤਿਸਮੇ ਦੀ ਕ੍ਰਿਆ ਲਿਖਤ ਵਿਚ ਸਪਸ਼ਟ ਹੈ।

**ਯੂਹੰਨਾ ਰਾਹੀਂ ਬਪਤਿਸਮਾ** (ਯੂਹੰਨਾ 3; ਮੱਤੀ 3)

ਯੂਹੰਨਾ 3:23 ਵਿਚ ਲਿਖਿਆ ਹੈ ਕਿ ਯੂਹੰਨਾ ਬਪਤਿਸਮਾ ਦੇਣ ਵਾਲਾ ''ਸਲੀਮ ਦੇ ਨੇੜੇ ਐਨੋਨ ਵਿਚ ਬਪਤਿਸਮਾ ਦਿੰਦਾ ਸੀ ਕਿਉਂਕਿ ਉੱਥੇ ਜਲ ਬਹੁਤ ਸੀ।'' ਸਿਰ ਤੇ ਜਲ ਛਿੜਕਣ ਜਾਂ ਡੋਲ੍ਹਣ ਲਈ ਥੋੜ੍ਹੇ ਜਿਹੇ ਜਲ ਦੀ ਹੀ ਲੋੜ ਸੀ, ਪਰ ਬਪਤਿਸਮਾ ਦੇਣ ਲਈ ਯੂਹੰਨਾ ਨੂੰ ''ਬਹੁਤ ਜਲ'' ਵਿਚ ਜਾਣਾ ਪਿਆ।

ਯੂਹੰਨਾ ਦੇ ਬਪਤਿਸਮੇ ਵਿਚ ''ਬਹੁਤ ਜਲ'' ਦੀ ਲੋੜ ਸੀ ਕਿਉਂਕਿ ਇਹ ਬਪਤਿਸਮਾ ਪਾਣੀ ਵਿਚ ਡੁਬਕੀ ਲਾਉਣ ਨਾਲ ਹੁੰਦਾ ਸੀ। ਯੂਹੰਨਾ ਕੋਲੋਂ ਬਪਤਿਸਮਾ ਦੇਣ ਦੇ ਬਾਅਦ, ਪ੍ਰਭੂ ''ਝੱਟ ਪਾਣੀ ਤੋਂ ਉੱਪਰ ਆਇਆ'' (ਮੱਤੀ 3:16)। ਪਾਣੀ ਵਿਚ ਜਾਣ ਦੀ ਕ੍ਰਿਆ (ਜੋ ਆਪੇ ਹੀ ਸਮਝ ਆ ਜਾਂਦੀ ਹੈ) ਅਤੇ ਪਾਣੀ ਵਿੱਚੋਂ ਬਾਹਰ ਆਉਣਾ (ਜੋ ਦੱਸਿਆ ਗਿਆ ਹੈ) ਡੁਬਕੀ ਦੀ ਕਿਰਿਆ ਨਾਲ ਮੇਲ ਖਾਂਦਾ ਹੈ, ਅਤੇ ਪਾਣੀ ਛਿੜਕਣ ਜਾਂ ਡੋਲ੍ਹਣ ਦੀ ਕ੍ਰਿਆ ਨਾਲ ਮੇਲ ਨਹੀਂ ਖਾਂਦਾ।

**ਖੋਜੇ ਦਾ ਬਪਤਿਸਮਾ** (ਰਸੂਲਾਂ ਦੇ ਕੰਮ 8)

ਕੂਸ਼ ਦੇਸ਼ ਦੇ ਮੰਤਰੀ ਦੇ ਬਪਤਿਸਮੇ ਦੀ ਭੂਮਿਕਾ ਸਾਡੇ ਤੀਸਰੇ ਪਾਠ ਵਿਚ ਦਿੱਤੀ ਗਈ ਸੀ। ਅਸੀਂ ਵੇਖਿਆ ਸੀ ਕਿ ਇਸ ਅਧਿਕਾਰੀ ਨੇ ਯਿਸੂ ਵਿਚ ਆਪਣੇ ਵਿਸ਼ਵਾਸ ਦਾ ਇਕਰਾਰ ਕੀਤਾ ਸੀ। ਫਿਰ ਅਸੀਂ ਪੜ੍ਹਿਆ ਸੀ ਕਿ:

> ... ਉਸ ਨੇ ਰੱਥ ਖੜਾ ਕਰਨ ਦਾ ਹੁਕਮ ਕੀਤਾ ਅਤੇ ਫਿਲਿੱਪੁਸ ਅਤੇ ਖੋਜਾ ਦੋਵੇਂ ਪਾਣੀ ਵਿਚ ਉੱਤਰੇ ਅਤੇ ਉਹਨੇ ਉਸ ਨੂੰ ਬਪਤਿਸਮਾ ਦਿੱਤਾ। ਅਰ ਜਾਂ ਉਹ ਪਾਣੀ ਵਿੱਚੋਂ ਨਿੱਕਲ ਆਏ ਤਾਂ ਪ੍ਰਭੂ ਦਾ ਆਤਮਾ ਫ਼ਿਲਿੱਪੁਸ ਨੂੰ ਫੜ ਲੈ ਗਿਆ ਅਤੇ ਖੋਜੇ ਨੇ ਉਹ ਨੂੰ ਫਿਰ ਨਾ ਵੇਖਿਆ ਕਿਉਂ ਜੋ ਉਹ ਅਨੰਦ ਨਾਲ ਆਪਣੇ ਰਾਹ ਚਲਿਆ ਗਿਆ (ਰਸੂਲਾਂ ਦੇ ਕੰਮ 8:38, 39)।

ਧਿਆਨ ਦਿਓ ਕਿ ਫ਼ਿਲਿੱਪੁਸ ਅਤੇ ਖੋਜਾ ਦੋਵੇਂ ''ਪਾਣੀ ਵਿਚ ਉੱਤਰੇ'' ਅਤੇ ''ਪਾਣੀ ਵਿੱਚੋਂ ਨਿੱਕਲ ਆਏ।'' ਜਿਹੜੀ ਗੱਲ ਛਿੱਟੇ ਜਾਂ ਛਿੜਕਾਅ ਨਾਲ ਬਪਤਿਸਮਾ ਦੇਣ ਵਾਲਿਆਂ ਨੂੰ ਪਾਣੀ ਤੋਂ ਅੱਜ ਬਾਹਰ ਰੱਖਦੀ ਹੈ ਓਸੇ ਨੇ ਫਿਲਿੱਪੁਸ ਨੂੰ ਵੀ ਪਾਣੀ ਤੋਂ ਬਾਹਰ ਰੱਖਿਆ ਹੋਣਾ ਸੀ, *ਜੇ* ਉਹ ਖੋਜੇ ਨੂੰ ਛਿੱਟੇ ਜਾਂ ਛਿੜਕਾਅ ਨਾਲ ਬਪਤਿਸਮਾ ਦਿੰਦਾ। ਫੇਰ ਕਹਿੰਦਾ ਹਾਂ, ਇਹ ਕ੍ਰਿਆ ਡੁਬਕੀ ਦੇ ਨਾਲ ਮੇਲ ਖਾਂਦੀ ਹੈ ਅਤੇ ਛਿੱਟੇ ਜਾਂ ਪਾਣੀ ਡੋਲ੍ਹਣ ਨਾਲ ਮੇਲ ਨਹੀਂ ਖਾਂਦੀ।

**ਬਪਤਿਸਮਾ ਦਫ਼ਨਾਉਣ ਰਾਹੀਂ** (ਰੋਮੀਆਂ 6; ਕੁਲੁੱਸੀਆਂ 3)

ਪੌਲੁਸ ਨੇ ਆਪਣੇ ਲੇਖਾਂ ਵਿਚ ਬਪਤਿਸਮੇ ਦੀ ਖ਼ਾਸੀਅਤ ''ਦਫ਼ਨਾਏ ਜਾਣ'' ਦੇ ਰੂਪ

ਵਿਚ ਦੱਸੀ ਹੈ। ਉਹਨੇ ਰੋਮ ਦੇ ਮਸੀਹੀ ਲੋਕਾਂ ਦੇ ਨਾਂ ਖ਼ਤ ਵਿਚ ਲਿਖਿਆ, ''ਸੋ ਅਸੀਂ ਮੌਤ ਦਾ ਬਪਤਿਸਮਾ ਲੈਣ ਕਰਕੇ ਉਹਦੇ ਨਾਲ *ਦਫ਼ਨਾਏ ਗਏ* ਤਾਂ ਜੋ ਜਿਵੇਂ ਪਿਤਾ ਦੀ ਵਡਿਆਈ ਦੇ ਵਸੀਲੇ ਨਾਲ ਮਸੀਹ ਮੁਰਦਿਆਂ ਵਿੱਚੋਂ ਜਿਵਾਲਿਆ ਗਿਆ ਤਿਵੇਂ ਅਸੀਂ ਵੀ ਨਵੇਂ ਜੀਵਨ ਦੇ ਰਾਹ ਚੱਲੀਏ'' (ਰੋਮੀਆਂ 6:4)। ਉਹਨੇ ਕੁਲੁੱਸੇ ਦੇ ਮਸੀਹੀ ਲੋਕਾਂ ਨੂੰ ਦੱਸਿਆ ਕਿ ਉਹ ''ਬਪਤਿਸਮੇ ਵਿਚ ਉਹਦੇ ਨਾਲ *ਦਫ਼ਨਾਏ ਗਏ* ਜਿਹ ਦੇ ਵਿਚ ਪਰਮੇਸ਼ਵਰ ਦੀ ਕਰਨੀ ਉੱਤੇ ਨਿਹਚਾ ਰੱਖ ਕੇ ਜਿਵੇਂ ਉਸ ਨੇ ਉਹ ਨੂੰ ਮੁਰਦਿਆਂ ਵਿੱਚੋਂ ਉਠਾਇਆ ਤੁਸੀਂ ਉਹ ਦੇ ਨਾਲ ਉਠਾਏ ਵੀ ਗਏ'' (ਕੁਲੁੱਸੀਆਂ 2:12)। ਤੁਸੀਂ ਕਿਸੇ ਮੁਰਦੇ ਨੂੰ ਦਫ਼ਨਾਉਂਦੇ ਹੋਏ ਵੇਖਿਆ ਹੋਵੇਗਾ। ਆਪਣੇ ਆਪ ਨੂੰ ਪੁੱਛੋ, ''ਦਫ਼ਨਾਏ ਜਾਣ ਦੀ ਧਾਰਣਾ ਨੂੰ ਸਭ ਤੋਂ ਵਧੀਆ ਢੰਗ ਨਾਲ ਕਿਹੜੀ ਗੱਲ ਵਿਖਾਉਂਦੀ ਹੈ: ਛਿੜਕਾਅ, ਛਿੱਟਾ ਜਾਂ ਡੁਬਕੀ?''

ਪੂਰਾ ਨਵਾਂ ਨੇਮ ਪੜ੍ਹ ਲਵੋ: ਤੁਹਾਨੂੰ ''ਬਪਤਿਸਮਾ'' ਲੈਣ ਦੀ ਕੋਈ ਵੀ ਅਜਿਹੀ ਉਦਾਹਰਣ ਨਹੀਂ ਮਿਲੇਗੀ ਜਿਸ ਵਿਚ ਕਿਸੇ ਦੇ ਸਿਰ ਉੱਤੇ ਪਾਣੀ ਛਿੜਕਿਆ ਜਾਂ ਡੋਲ੍ਹਿਆ ਗਿਆ ਹੋਵੇ।

ਬਹੁਤ ਸਾਰੇ ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਪਹਿਲੀ ਸਦੀ ਦੀ ਕਲੀਸੀਆ ਸਿਰਫ਼ ਡੋਬੇ ਦੀ ਹੀ ਵਰਤੋਂ ਕਰਦੀ ਸੀ। (ਬਪਤਿਸਮੇ ਲਈ) ਛਿੱਟੇ ਦੀ ਸ਼ੁਰੂਆਤ ਕਈ ਸਾਲਾਂ ਬਾਅਦ ਤਕ ਨਹੀਂ ਹੋਈ ਸੀ।[3] ਯਿਸੂ ਨੇ ਇਕ ਵਾਰ ਪੁੱਛਿਆ ਸੀ, ''ਯੂਹੰਨਾ ਦਾ ਬਪਤਿਸਮਾ ਸਵਰਗ ਵੱਲੋਂ ਸੀ ਜਾਂ ਮਨੁੱਖਾਂ ਵੱਲੋਂ?'' (ਮਰਕੁਸ 11:30)। ਯੂਹੰਨਾ ਦਾ ਬਪਤਿਸਮਾ ਸਵਰਗ ਵੱਲੋਂ ਹੀ ਸੀ। ਇਹੀ ਸਵਾਲ ਜੇ ਛਿੜਕਾਅ ਜਾਂ ਪਾਣੀ ਡੋਲ੍ਹ ਕੇ ਦਿੱਤੇ ਜਾਣ ਵਾਲੇ ਬਪਤਿਸਮੇ ਬਾਰੇ ਪੁੱਛਿਆ ਜਾਵੇ, ਤਾਂ ਜਵਾਬ ਹੋਵੇਗਾ ''ਮਨੁੱਖਾਂ ਵੱਲੋਂ।''

## ਬਪਤਿਸਮਾ: ''ਕਿਸ ਨੂੰ?''

ਬਪਤਿਸਮੇ ਦੇ ਸਬੰਧ ਵਿਚ ਤੀਜਾ ਸਵਾਲ ਹੈ ਕਿ ''ਬਪਤਿਸਮਾ ਕਿਹਨੂੰ ਦੇਣਾ ਚਾਹੀਦਾ ਹੈ?'' ਕੁਝ ਧਾਰਮਿਕ ਸੰਗਠਨ ਬੱਚਿਆਂ ਨੂੰ ''ਬਪਤਿਸਮਾ ਦਿੰਦੇ'' ਹਨ, ਪਰ ਅਸੀਂ ਪਿਛਲੇ ਪਾਠ ਵਿਚ ਇਸ ਨਤੀਜੇ ਤੇ ਪਹੁੰਚੇ ਸਾਂ ਕਿ ਬੱਚਿਆਂ ਨੂੰ ਬਪਤਿਸਮੇ ਦੀ ਲੋੜ ਨਹੀਂ ਹੈ ਕਿਉਂਕਿ ਉਹ ਪਵਿੱਤਰ ਅਤੇ ਨਿਹਕਲੰਕ ਹੁੰਦੇ ਹਨ। ਤਾਂ ਫਿਰ, ਬਪਤਿਸਮਾ ਕਿਹਨੂੰ ਦਿੱਤਾ ਜਾਣਾ ਚਾਹੀਦਾ ਹੈ? ਸਾਡਾ ਜਵਾਬ ਹੋ ਸਕਦਾ ਹੈ, ''ਹਰ ਜ਼ਿੰਮੇਵਾਰ ਸ਼ਖ਼ਸ ਨੂੰ।'' ਪਤਰਸ ਨੇ ਹੁਕਮ ਦਿੱਤਾ ਸੀ, ''*ਤੁਹਾਡੇ ਵਿੱਚੋਂ ਹਰੇਕ* ... ਬਪਤਿਸਮਾ ਲਵੇ'' (ਰਸੂਲਾਂ ਦੇ ਕੰਮ 2:38), ਪਰ ਇਸ ਲਈ ਕੁਝ ਸ਼ਰਤਾਂ ਪੂਰੀਆਂ ਕਰਨੀਆਂ ਜ਼ਰੂਰੀ ਹਨ। ਬਪਤਿਸਮਾ ਸਿਰਫ਼ ਧਾਰਮਿਕ ਰਵਾਇਤ ਜਾਂ ਸੰਸਕਾਰ ਹੀ ਨਹੀਂ ਹੈ। ਇਹ ਉਨ੍ਹਾਂ ਲਈ ਹੈ ਜਿਨ੍ਹਾਂ ਨੇ ਆਪਣੇ ਮਨਾਂ ਅਤੇ ਜ਼ਿੰਦਗੀਆਂ ਨੂੰ ਤਿਆਰ ਕਰ ਲਿਆ ਹੈ। ਇਸੇ ਲਈ ਪਤਰਸ ਨੇ ਕਿਹਾ ਸੀ ਕਿ ਉਹਦੇ ਸੁਣਨ ਵਾਲਿਆਂ ਲਈ ਬਪਤਿਸਮਾ ਲੈਣ ਤੋਂ ਪਹਿਲਾਂ ਤੌਬਾ ਕਰਨਾ ਜ਼ਰੂਰੀ ਹੈ (ਰਸੂਲਾਂ ਦੇ ਕੰਮ 2:38)।

ਇਸ ਸਵਾਲ ਦੇ ਜਵਾਬ ਵਿਚ ਕਿ ਬਪਤਿਸਮਾ ਕਿਸ ਨੂੰ ਦਿੱਤਾ ਜਾਣਾ ਚਾਹੀਦਾ ਹੈ, ਅਸੀਂ ਪਹਿਲਾਂ ਹੀ ਬਾਈਬਲ ਵਿੱਚੋਂ ਪੜ੍ਹ ਚੁੱਕੇ ਹਾਂ। ਤੁਹਾਨੂੰ ਚਾਹੀਦਾ ਹੈ ਕਿ ਇਨ੍ਹਾਂ ਆਇਤਾਂ ਨੂੰ ਫੇਰ ਪੜ੍ਹੋ। ਬਪਤਿਸਮਾ ਕਿਸ ਨੂੰ ਦਿੱਤਾ ਜਾਣਾ ਚਾਹੀਦਾ ਹੈ?

- ਓਸੇ ਨੂੰ, ਜਿਸ ਨੂੰ *ਸਿਖਾਇਆ* ਗਿਆ ਹੈ (ਮੱਤੀ 28:18, 19; ਮਰਕੁਸ 16:15, 16)।

- ਓਸੇ ਨੂੰ, ਜੋ ਯਿਸੂ ਵਿਚ *ਵਿਸ਼ਵਾਸ* ਕਰਦਾ/ਕਰਦੀ ਹੈ (ਮਰਕੁਸ 16:15, 16)।
- ਓਸੇ ਨੂੰ, ਜਿਸ ਨੇ ਆਪਣੇ ਪਾਪਾਂ ਤੋਂ *ਤੌਬਾ* ਕਰ ਲਈ ਹੈ (ਰਸੂਲਾਂ ਦੇ ਕੰਮ 2:36-38)।
- ਓਸੇ ਨੂੰ, ਜਿਸ ਨੇ ਯਿਸੂ ਵਿਚ ਆਪਣੇ ਵਿਸ਼ਵਾਸ ਦਾ *ਇਕਰਾਰ* ਕਰ ਲਿਆ ਹੈ (ਰਸੂਲਾਂ ਦੇ ਕੰਮ 8:36-39; ਰੋਮੀਆਂ 10:9, 10)।

ਬੱਚੇ ਇਸ ਤਸਵੀਰ ਵਿਚ ਫਿਟ ਨਹੀਂ ਆਉਂਦੇ।

ਕੋਈ ਐਨਾ ਵੱਡਾ ਕਦੋਂ ਹੁੰਦਾ ਹੈ ਕਿ ਉਹਨੂੰ ਬਪਤਿਸਮਾ ਦਿੱਤਾ ਜਾਵੇ?

ਕਿਸੇ ਨੂੰ ਬਪਤਿਸਮਾ ਲੈਣ ਦੀ *ਲੋੜ* ਕਦੋਂ ਹੁੰਦੀ ਹੈ? ਬਾਈਬਲ ਵਿਚ ਉਮਰ ਨਹੀਂ ਦਿੱਤੀ ਗਈ ਹੈ, ਪਰ ਬਪਤਿਸਮਾ ਲੈਣ ਵਾਲਾ ਐਨਾ ਕੁ ਵੱਡਾ ਹੋਣਾ ਜ਼ਰੂਰੀ ਹੈ ਕਿ ਉਹਨੂੰ ਇਹ ਸਮਝ ਹੋਵੇ ਕਿ:

- ਉਹ ਇਕ ਪਾਪੀ ਹੈ ਜਿਸ ਨੂੰ ਬਚਾਏ ਜਾਣ ਦੀ ਲੋੜ ਹੈ।[4]
- ਯਿਸੂ ਉਸ ਨੂੰ ਬਚਾਉਣ ਲਈ ਮਰਿਆ।
- ਬਪਤਿਸਮਾ ਲੈਣਾ ਉਸ ਦੇ ਬਚਾਏ ਜਾਣ ਲਈ ਪ੍ਰਮੇਸ਼ਵਰ ਦੀ ਯੋਜਨਾ ਦਾ ਇਕ ਹਿੱਸਾ ਹੈ।
- ਉਹ ਪ੍ਰਭੂ ਦੇ ਸਾਹਮਣੇ ਆਪਣੇ ਆਪ ਆਪਣੀ ਜ਼ਿੰਦਗੀ ਸੌਂਪ ਰਿਹਾ ਹੈ।

## ਬਪਤਿਸਮਾ: ''ਕਿਸ ਨੂੰ?''; ''ਕਿਵੇਂ?'' ਅਤੇ ''ਕਿਉਂ?''

ਇਕ ਆਇਤ ਜਿਹੜੀ ਬਪਤਿਸਮੇ ਦੇ ''ਕਿਸ ਨੂੰ?''; ''ਕਿਵੇਂ?'' ਅਤੇ ''ਕਿਉਂ?'' ਨੂੰ ਦੱਸਦੀ ਹੈ, ਉਹ ਹੈ ਰੋਮੀਆਂ 6:3-6:

> ... ਤੁਸੀਂ ਇਸ ਗੱਲ ਤੋਂ ਅਣਜਾਣ ਹੋ ਕਿ ਸਾਡੇ ਵਿੱਚੋਂ ਜਿਨ੍ਹਾਂ ਨੇ ਮਸੀਹ ਯਿਸੂ ਦਾ ਬਪਤਿਸਮਾ ਲਿਆ ਉਹਦੀ ਮੌਤ ਦਾ ਬਪਤਿਸਮਾ ਲਿਆ? ਸੋ ਅਸੀਂ ਮੌਤ ਦਾ ਬਪਤਿਸਮਾ ਲੈਣ ਕਰਕੇ ਉਹਦੇ ਨਾਲ ਦਫ਼ਨਾਏ ਗਏ ਤਾਂ ਜੋ ਜਿਵੇਂ ਪਿਤਾ ਦੀ ਵਡਿਆਈ ਦੇ ਵਸੀਲੇ ਨਾਲ ਮਸੀਹ ਮੁਰਦਿਆਂ ਵਿੱਚੋਂ ਜਿਵਾਲਿਆ ਗਿਆ ਤਿਵੇਂ ਅਸੀਂ ਵੀ ਨਵੇਂ ਜੀਵਨ ਦੇ ਰਾਹ ਚੱਲੀਏ। ਜਦੋਂ ਅਸੀਂ ਉਹਦੀ ਮੌਤ ਦੀ ਸਮਾਨਤਾ ਵਿਚ ਉਹਦੇ ਨਾਲ ਜੋੜੇ ਗਏ ਹਾਂ ਤਾਂ ਉਹਦੇ ਜੀ ਉੱਠਣ ਦੀ ਸਮਾਨਤਾ ਵਿਚ ਵੀ ਹੋਵਾਂਗੇ। ਕਿਉਂ ਜੋ ਅਸੀਂ ਇਹ ਜਾਣਦੇ ਹਾਂ ਕਿ ਸਾਡੀ ਪੁਰਾਣੀ ਮਨੁੱਖਤਾਈ ਉਹਦੇ ਨਾਲ ਸਲੀਬ ਉੱਤੇ ਚੜ੍ਹਾਈ ਗਈ ਕਿ ਪਾਪ ਦਾ ਸਰੀਰ ਨਸ਼ਟ ਹੋ ਜਾਵੇ ਤਾਂ ਅਗਾਹਾਂ ਨੂੰ ਅਸੀਂ ਪਾਪ ਦੀ ਗੁਲਾਮੀ ਨਾ ਕਰੀਏ।

ਬਪਤਿਸਮੇ ਤੇ ਇਨ੍ਹਾਂ ਆਇਤਾਂ ਵਿਚ ਮਿਲਣ ਵਾਲੀ ਸਿੱਖਿਆ ਨੂੰ ਇਸ ਤਰ੍ਹਾਂ ਸਮਝਾਇਆ ਜਾ ਸਕਦਾ ਹੈ:

‘‘ਜੀਵਨ ਦਾ ਨਵਾਂਪਣ’’

**ਮ** **ਜ**

**ਦ**

ਮ= ਮੌਤ
ਦ= ਦਫ਼ਨਾਏ ਜਾਣਾ (ਬਪਤਿਸਮਾ)
ਜ= ਜੀ ਉੱਠਣਾ

ਯਿਸੂ ਦੀ ਮੌਤ, ਦਫ਼ਨਾਏ ਜਾਣ ਅਤੇ ਜੀ ਉੱਠਣ ਨਾਲ ਬਪਤਿਸਮੇ ਦੇ ਸਬੰਧ ਤੇ ਵਿਚਾਰ ਕਰੋ।[5]

ਯਿਸੂ ਸਲੀਬ ਤੇ *ਮਰਿਆ* (ਲੂਕਾ 23:33-46; ਫਿਲਿੱਪੀਆਂ 2:8)। ਰੂਹਾਨੀ ਤੌਰ ਤੇ ਪਾਪ *ਵਿਚ* ਮਰਿਆ (ਅਫ਼ਸੀਆਂ 2:1, 5) ਹੋਇਆ ਵਿਸ਼ਵਾਸ, ਤੌਬਾ ਅਤੇ ਇਕਰਾਰ ਕਰਕੇ ਪਾਪ *ਲਈ* ਮਰ ਸਕਦਾ ਹੈ (ਰੋਮੀਆਂ 6:11)।

ਯਿਸੂ ਕਬਰ ਵਿਚ *ਦਫ਼ਨਾਇਆ ਗਿਆ* ਸੀ (ਯੂਹੰਨਾ 19:40-42; 1 ਕੁਰਿੰਥੀਆਂ 15:4)। ਇਵੇਂ ਹੀ, ਹੁਕਮ ਮੰਨਣ ਵਾਲਾ ਵਿਸ਼ਵਾਸੀ ਵੀ ਬਪਤਿਸਮੇ ਦੀ ਪਾਣੀ ਰੂਪੀ ਕਬਰ ਵਿਚ ਦਫ਼ਨਾਇਆ ਜਾਂਦਾ ਹੈ।

ਯਿਸੂ ਮੁਰਦਿਆਂ ਵਿੱਚੋਂ *ਜੀ ਉੱਠਿਆ* ਸੀ (ਮੱਤੀ 28:1-8; ਰੋਮੀਆਂ 1:4)। ਓਸੇ ਤਰ੍ਹਾਂ ਇਕ ਮਸੀਹੀ ‘‘ਜੀਵਨ ਦੇ ਨਵੇਂਪਨ’’ ਲਈ ਪਾਣੀ ਵਿੱਚੋਂ ਜੀ ਉੱਠਦਾ ਹੈ।

ਕਈ ਵਾਰ ਲੋਕ ਮੈਨੂੰ ਪੁੱਛਦੇ ਹਨ ਕਿ ਇਸ ਜਾਂ ਉਸ ਡਿਨੋਮਿਨੇਸ਼ਨ ਦੇ ਬਪਤਿਸਮੇ ਵਿਚ ਕੀ ਗ਼ਲਤ ਹੈ। ਆਮ ਤੌਰ ਤੇ, ਜਿਸ ਨੂੰ ਡਿਨੋਮਿਨੇਸ਼ਨਾਂ ਦੀ ਸਿੱਖਿਆ ਵਿਚ ‘‘ਬਪਤਿਸਮਾ’’ ਕਿਹਾ ਜਾਂਦਾ ਹੈ, ਉਸ ਵਿਚ ਇਨ੍ਹਾਂ ਤਿੰਨ ਖ਼ਾਸ ਗੱਲਾਂ ਜਿਨ੍ਹਾਂ ਦਾ ਅਸੀਂ ਅਧਿਐਨ ਕੀਤਾ ਹੈ, ਵਿੱਚੋਂ ਘੱਟੋ ਘੱਟ ਇਕ ਜਾਂ ਸਾਰੀਆਂ ਨਹੀਂ ਹੁੰਦੀਆਂ। ਹੋਰ ਵੀ ਅਫ਼ਸੋਸ ਦੀ ਗੱਲ ਹੈ ਕਿ ਉਨ੍ਹਾਂ ਵੱਲੋਂ ਦਿੱਤਾ ਗਿਆ ‘‘ਬਪਤਿਸਮਾ’’ ਆਮ ਤੌਰ ਤੇ ਮਸੀਹ ਦੀ ਮੌਤ, ਦਫ਼ਨਾਏ ਜਾਣ ਅਤੇ ਜੀ ਉੱਠਣ ਦੇ ਸਬੰਧ ਨੂੰ ਹੀ ਖ਼ਤਮ ਕਰ ਦਿੰਦਾ ਹੈ:

- ਕੁਝ ਲੋਕ ਬੱਚਿਆਂ ਨੂੰ ‘‘ਬਪਤਿਸਮਾ ਦਿੰਦੇ’’ ਹਨ-ਪਰ ਬੱਚਾ ਤਾਂ ਪਾਪ ਵਿਚ *ਮਰਿਆ* ਨਹੀਂ ਹੈ।
- ਕਈ ਲੋਕ ਪਾਣੀ ਛਿੜਕ ਕੇ ਇਸ ਨੂੰ ‘‘ਬਪ-ਤਿਸਮਾ’’ ਕਹਿੰਦੇ ਹਨ-ਪਰ ਛਿੱਟੇ ਜਾਂ ਛਿੜਕਾਅ ਨੂੰ *ਦਫ਼ਨਾਉਣਾ* ਨਹੀਂ ਕਿਹਾ ਜਾਂਦਾ।
- ਕੁਝ ਲੋਕ ਡੁਬਕੀ ਦਿੰਦੇ ਹਨ, ਪਰ ਇਹ ਵੀ ਜ਼ੋਰ ਦਿੰਦੇ ਹਨ ਕਿ ਜਿਸ ਨੂੰ ਡੁਬਕੀ ਜਾਂ

ਡੋਬਾ ਦਿੱਤਾ ਜਾ ਰਿਹਾ ਹੈ ਉਹਨੂੰ ਬਪਤਿਸਮਾ ਲੈਣ ਤੋਂ *ਪਹਿਲਾਂ* ਹੀ ਯਿਸੂ ਵਿਚ ਨਵਾਂ ਜੀਵਨ ਪਾਇਆ ਹੋਇਆ ਹੈ, ਯਾਨੀ *ਬਾਅਦ ਵਿਚ* ਨਹੀਂ। ਇਸ ਤਰ੍ਹਾ ਜੀਵਨ ਦੇ *ਨਵੇਂਪਣ* ਲਈ ਜੀ ਉੱਠਣ ਦੇ ਰੂਪਕ ਦੀ ਅਹਿਮੀਅਤ ਖ਼ਤਮ ਹੋ ਜਾਂਦੀ ਹੈ। (ਉਨ੍ਹਾਂ ਦੀ ਸਿੱਖਿਆ ਮੁਤਾਬਕ, ਉਹ ''ਜੀਉਂਦੇ'' ਲੋਕਾਂ ਨੂੰ ਦਫ਼ਨਾਉਂਦੇ ਹਨ, ਮਰਿਆਂ ਨੂੰ ਨਹੀਂ।)

ਇਹ ਪਤਾ ਲੱਗਣ ਤੇ ਕਿ ਮੇਰਾ ਬਪਤਿਸਮਾ ਨਵੇਂ ਨੇਮ ਵਿਚ ਦੱਸੇ ਬਪਤਿਸਮੇ ਨਾਲੋਂ ਫ਼ਰਕ ਹੋਇਆ ਹੈ, ਕੀ ਕਰਨਾ ਚਾਹੀਦਾ ਹੈ? ਰਸੂਲਾਂ ਦੇ ਕੰਮ 19 ਵਿਚ ਇਸ ਸਵਾਲ ਦਾ ਜਵਾਬ ਮਿਲਦਾ ਹੈ। ਜਦ ਪੌਲੁਸ ਅਫ਼ਸੁਸ ਵਿਚ ਆਇਆ, ਤਾਂ ਉਹਨੂੰ ਬਾਰਾਂ ਬੰਦੇ ਮਿਲੇ ਜੋ ਉਹਦੇ ਖ਼ਿਆਲ 'ਚ ਮਸੀਹੀ ਸਨ। ਛੇਤੀ ਹੀ ਉਹਨੂੰ ਇਹ ਪਤਾ ਲੱਗਾ ਕਿ ਉਨ੍ਹਾਂ ਨੂੰ ਯੂਹੰਨਾ ਦੇ ਬਪਤਿਸਮੇ ਦੇ ਅਨੁਸਾਰ ਬਪਤਿਸਮਾ ਦਿੱਤਾ ਗਿਆ ਸੀ। ਯੂਹੰਨਾ ਦਾ ਬਪਤਿਸਮਾ ਤਿਆਰੀ ਦਾ ਬਪਤਿਸਮਾ ਸੀ, ਜੋ ਆਪਣੇ ਸਮੇਂ ਤਕ ਸਹੀ ਸੀ, ਪਰ ਹੁਣ ਇਹਦੀ ਥਾਂ ਯਿਸੂ ਦਾ ਬਪਤਿਸਮਾ ਆ ਗਿਆ ਸੀ।[6] ਬਾਰਾਂ ਬੰਦਿਆਂ ਨੂੰ ਯੂਹੰਨਾ ਦੇ ਬਪਤਿਸਮੇ ਨਾਲ ਉਸ ਸਮੇਂ ਬਪਤਿਸਮਾ ਦਿੱਤਾ ਗਿਆ ਸੀ ਜਦ ਉਸ ਦੀ ਮਾਨਤਾ ਨਹੀਂ ਰਹੀ ਸੀ।[7] ਉਨ੍ਹਾਂ ਦੇ ਬਪਤਿਸਮੇ ਦਾ ''ਕਿਵੇਂ?'' ਅਤੇ ''ਕਿਸ ਨੂੰ?'' ਤਾਂ ਠੀਕ ਸੀ, ਪਰ ''ਕਿਉਂ?'' ਗਲਤ ਸੀ।[8] ਪੌਲੁਸ ਵੱਲੋਂ ਉਨ੍ਹਾਂ ਨੂੰ ਹੋਰ ਸਿਖਾਉਣ ਦੇ ਬਾਅਦ, ''ਉਨ੍ਹਾਂ ਨੇ ਪ੍ਰਭੂ ਯਿਸੂ ਦੇ ਨਾਮ ਵਿਚ ਬਪਤਿਸਮਾ ਲਿਆ'' (ਰਸੂਲਾਂ ਦੇ ਕੰਮ 19:5)।

## ਸਾਰ

ਹੁਣ, ਤੁਸੀਂ ਆਪਣੇ ਬਪਤਿਸਮੇ ਦੀ ਤੁਲਨਾ ਨਵੇਂ ਨੇਮ ਦੇ ਬਪਤਿਸਮੇ ਨਾਲ ਕਰਨੀ ਚਾਹੋ ਤਾਂ ਕਰ ਸਕਦੇ ਹੋ। ਤੁਹਾਨੂੰ ਉਹ ਫਾਰਮ ਯਾਦ ਹੈ ਜਿਹੜਾ ਮੈਂ ਸ਼ੁਰੂ ਵਿਚ ਭਰਨ ਲਈ ਦਿੱਤਾ ਸੀ, ਉਸ ਵਿਚ ਭਰਿਆ ਆਪਣਾ ਜਵਾਬ ਵੇਖੋ। ਕੀ ਤੁਹਾਡੇ ਉੱਤੇ ਕੁਝ ਪਾਣੀ ਛਿੜਕਿਆ ਗਿਆ ਸੀ ਜਾਂ ਤੁਹਾਨੂੰ ਪਾਣੀ ਵਿਚ ਡੁਬੋਇਆ ਗਿਆ ਸੀ? ''ਬਪਤਿਸਮੇ'' (ਜਾਂ ਕ੍ਰਿਸਨਿੰਗ) ਦੇ ਸਮੇਂ ਤੁਹਾਡੀ ਉਮਰ ਕਿੰਨੀ ਕੁ ਸੀ? ਕੀ ਇਹ ਹੋ ਸਕਦਾ ਹੈ ਕਿ ਤੁਸੀਂ ਐਨੇ ਛੋਟੇ ਸੀ ਕਿ ਤੁਹਾਨੂੰ ਸਮਝ ਹੀ ਨਹੀਂ ਸੀ ਕਿ ਤੁਸੀਂ ਕੀ ਕਰ ਰਹੇ ਹੋ? ਜੇ ਤੁਸੀਂ ਐਨੇ ਵੱਡੇ ਸੀ ਕਿ ਆਪਣੇ ਆਪ ਨੂੰ ਖੁਦ ਪੇਸ਼ ਕਰ ਸਕਦੇ ਸੀ ਅਤੇ ਤੁਹਾਨੂੰ ਡੁਬਕੀ ਦਿੱਤੀ ਗਈ ਸੀ, ਤਾਂ ਕੀ ਕੋਈ ਅਜਿਹਾ ਸੰਕੇਤ ਹੈ ਕਿ ਤੁਹਾਨੂੰ ਸਿਖਾਇਆ ਗਿਆ ਕਿ ਬਪਤਿਸਮਾ ਗੈਰ ਜ਼ਰੂਰੀ ਰਵਾਇਤ ਹੈ? ਮਿਸਾਲ ਦੇ ਤੌਰ ਤੇ, ਕੀ ਤੁਹਾਨੂੰ ਇਹ ਸਿਖਾਇਆ ਗਿਆ ਸੀ ਕਿ ਬਪਤਿਸਮਾ ਲੈਣ ਤੋਂ ਪਹਿਲਾਂ ਹੀ ਤੁਸੀਂ ਬਚਾਏ ਗਏ ਸੀ?

ਤੁਹਾਨੂੰ ਉਲਝਣ 'ਚ ਪਾਉਣ ਜਾਂ ਪਰੇਸ਼ਾਨ ਕਰਨ ਲਈ ਮੈਂ ਇਹ ਸਵਾਲ ਨਹੀਂ ਪੁੱਛ ਰਿਹਾ। ਸਗੋਂ ਇਸ ਲਈ ਪੁੱਛ ਰਿਹਾ ਹਾਂ ਕਿਉਂਕਿ ਬਚਾਏ ਜਾਣ ਜਾਂ ਮੁਕਤੀ ਤੋਂ ਵਧ ਕੇ ਕੁਝ ਵੀ ਵੱਡੀ ਗੱਲ ਨਹੀਂ ਹੈ। ਕੋਈ ਵੀ ਆਪਣੀ ਆਤਮਾ ਦੇ ਬਚਾਏ ਜਾਣ ਦਾ ਜੂਆ ਨਹੀਂ ਖੇਡ ਸਕਦਾ।

ਜੇ ਤੁਹਾਨੂੰ ਪਤਾ ਲੱਗੇ ਕਿ ਤੁਹਾਨੂੰ ਬਪਤਿਸਮਾ ਨਵੇਂ ਨੇਮ ਵਿਚ ਦਿੱਤੇ ਨਮੂਨੇ ਅਨੁਸਾਰ ਨਹੀਂ ਹੋਇਆ ਸੀ, ਤਾਂ ਰਸੂਲਾਂ ਦੇ ਕੰਮ 19 ਵਿਚ ਉਨ੍ਹਾਂ ਇਮਾਨਦਾਰ ਚੇਲਿਆਂ ਵਾਂਗ ਕਰੋ: ਡੋਬੇ ਜਾ ਕੇ ਬਪਤਿਸਮਾ ਲਵੋ। ਐਤਕੀਂ ਬਿਲਕੁਲ ਓਵੇਂ ਕਰਨਾ ਜਿਵੇਂ ਬਾਈਬਲ ਵਿਚ ਦੱਸਿਆ ਗਿਆ ਹੈ।

## ਟਿੱਪਣੀਆਂ

[1]ਸਭ ਰੂਹਾਨੀ ਬਰਕਤਾਂ ''ਮਸੀਹ ਵਿਚ'' ਹਨ (ਅਫ਼ਸੀਆਂ 1:3)। ਦੋ ਆਇਤਾਂ ਤੋਂ ਸਾਨੂੰ ਪਤਾ ਲਗਦਾ ਹੈ ਕਿ ''ਮਸੀਹ ਵਿਚ'' ਕਿਵੇਂ ਆਉਣਾ ਹੈ, ਜਿੱਥੇ ਉਹ ਬਰਕਤਾਂ ਮਿਲਦੀਆਂ ਹਨ: ਗਲਾਤੀਆਂ 3:27 ਅਤੇ ਰੋਮੀਆਂ 6:3 ਵਿਚ ਦੱਸਿਆ ਗਿਆ ਹੈ ਕਿ *ਬਪਤਿਸਮਾ* ਮਸੀਹ ਵਿਚ ਲਿਆ ਜਾਂਦਾ ਹੈ। [2]ਇਹਦੇ ਉਲਟ, ਕਦੇ ਕਦੇ ਮੈਨੂੰ ਲੋਕਾਂ ਨੂੰ ਕਿਸੇ ਗੰਦੇ ਤਲਾਅ ਵਿਚ ਬਪਤਿਸਮਾ ਦੇਣਾ ਪਿਆ, ਕਿਉਂਕਿ ਡੁਬਾਉਣ ਲਈ ਸਿਰਫ਼ ਉਹੀ ਥਾਂ ਮਿਲਿਆ ਸੀ। [3]ਸਨ 1600 ਤਕ ਡੁਬਾਉਣ ਦੇ ਬਦਲ ਦੇ ਤੌਰ ਤੇ ਛਿੱਟੇ ਨੂੰ ਅਧਿਕਾਰਕ ਮਾਨਤਾ ਨਹੀਂ ਸੀ। ਬਪਤਿਸਮੇ ਲਈ ਛਿੜਕਾਅ ਜਾਂ ਛਿੱਟੇ ਦੀ ਸ਼ੁਰੂਆਤ ਕੈਥੋਲਿਕ ਚਰਚ ਨੇ ਕੀਤੀ। [4]ਇਸ ਕਿਤਾਬ ਦੇ ਦੂਜੇ ਪਾਠ ਵਿਚ ''ਜ਼ਿੰਮੇਵਾਰੀ ਦੀ ਉਮਰ'' ਤੇ ਨੋਟਸ ਵੇਖੋ। [5]ਇੰਜੀਲ ਦਾ ਸਾਰ ਯਿਸੂ ਦੀ ਮੌਤ, ਦਫ਼ਨਾਇਆ ਜਾਣਾ ਅਤੇ ਜੀ ਉੱਠਣਾ ਹੈ (1 ਕੁਰਿੰਥੀਆਂ 15:1-4)। [6]''ਯਿਸੂ ਦੇ ਬਪਤਿਸਮੇ'' ਤੋਂ ਮੇਰਾ ਭਾਵ ਉਸ ਬਪਤਿਸਮੇ ਤੋਂ ਹੈ ਜਿਸ ਦਾ ਹੁਕਮ ਯਿਸੂ ਨੇ ਗ੍ਰੇਟ ਕਮਿਸ਼ਨ ਵਿਚ ਦਿੱਤਾ ਸੀ (ਮੱਤੀ 28:18-20; ਮਰਕੁਸ 16:15, 16)। [7]ਉਨ੍ਹਾਂ ਨੂੰ ਅਪੁੱਲੋਸ ਨੇ ਸਿਖਾਇਆ ਅਤੇ ਬਪਤਿਸਮਾ ਦਿੱਤਾ ਹੋਵੇਗਾ, ਜੋ ''ਨਿਰਾ ਯੂਹੰਨਾ ਦਾ ਬਪਤਿਸਮਾ ਜਾਣਦਾ ਸੀ'' (ਰਸੂਲਾਂ ਦੇ ਕੰਮ 18:25) ਜਦ ਤਕ ਪ੍ਰਿਸਕਿੱਲਾ ਅਤੇ ਅਕੂਲਾ ਨੇ ਉਹਨੂੰ ''ਪ੍ਰਮੇਸ਼ਵਰ ਦਾ ਰਾਹ ਹੋਰ ਵੀ ਠੀਕ ਤਰ੍ਹਾਂ ਨਾਲ'' ਨਾ ਸਿਖਾਇਆ (ਰਸੂਲਾਂ ਦੇ ਕੰਮ 18:26)। [8]ਉਨ੍ਹਾਂ ਦੇ ਬਪਤਿਸਮੇ ਦੇ ਮਕਸਦ ਵਿਚ ਇਕ ਕਮੀ ਸੀ ਕਿ ਯੂਹੰਨਾ ਦੇ ਬਪਤਿਸਮੇ ਵਿਚ ਯਿਸੂ ਦੇ ਬਪਤਿਸਮੇ ਵਾਂਗ ਪਵਿੱਤਰ ਆਤਮਾ ਦੇ ਦਾਨ ਦਾ ਵਾਅਦਾ ਨਹੀਂ ਸੀ (ਰਸੂਲਾਂ ਦੇ ਕੰਮ 2:38)।